EDD Employment Development Department State of California

# ਬੇਰੁਜ਼ਗਾਰ ਹੋ?



## ਕੀ ਤੁਸੀਂ ਆਪਣੀ ਨੌਕਰੀ ਗਵਾ ਦਿੱਤੀ ਹੈ ਜਾਂ ਤੁਹਾਡੇ ਕੰਮ ਦੇ ਘੰਟੇ ਘਟ ਗਏ ਹਨ?

UI Online[SM] ਦੀ ਵਰਤੋਂ ਕਰਕੇ ਆਪਣੇ ਬੇਰੁਜ਼ਗਾਰੀ (UI) ਬੀਮੇ ਦਾ ਦਾਅਵਾ ਦਾਇਰ ਕਰੋ ਅਤੇ ਉਸਦਾ ਪ੍ਰਬੰਧਨ ਕਰੋ!

**www.edd.ca.gov/UI_Online**

## ਇਨਾਂ ਕੰਮਾਂ ਲਈ UI ਔਨਲਾਇਨ ਦੀ ਵਰਤੋਂ ਕਰੋ:

- ਦਾਅਵਾ ਦਾਇਰ ਕਰਨਾ ਅਤੇ ਦੁਬਾਰਾ ਖੋਲਣਾ।
- ਲਾਭਾਂ ਲਈ ਪ੍ਰਮਾਣਿਤ ਕਰਨਾ ਅਤੇ ਛੇਤੀ ਭੁਗਤਾਨ ਪ੍ਰਾਪਤ ਕਰਨਾ।
- ਆਪਣੇ ਨਵੀਨਤਮ ਦਾਅਵੇ ਅਤੇ ਭੁਗਤਾਨ ਦੀ ਜਾਣਕਾਰੀ ਪ੍ਰਾਪਤ ਕਰਨਾ।
- ਮਹੱਤਵਪੂਰਨ ਸੂਚਨਾਵਾਂ ਪ੍ਰਾਪਤ ਕਰਨਾ ਜਿਵੇਂ ਕਿ ਲਾਭਾਂ ਲਈ ਪ੍ਰਮਾਣਿਤ ਕਰਨ ਲਈ ਰਿਮਾਇੰਡਰ।
- ਵਿਅਕਤੀਗਤ ਅਤੇ ਫੋਨ ਅਪਾਇੰਟਮੈਂਟ ਦੇਖਣਾ।
- ਸਵਾਲ ਦਰਜ ਕਰਨਾ।
- ਅਤੇ ਹੋਰ!

UI Online Mobile[SM] ਸਮਾਰਟਫੋਨ ਅਤੇ ਟੈਬਲੇਟ ਉਪਭੋਗਤਾਵਾਂ ਲਈ ਉਪਲਬਧ ਹੈ।

ਤੁਸੀਂ UI ਔਨਲਾਈਨ ਦੀ ਵਰਤੋਂ ਕਰਕੇ ਇੱਕ ਨਵਾਂ ਦਾਅਵਾ ਦਾਇਰ ਕਰ ਸਕਦੇ ਹੋ, ਹੇਠਾਂ ਦਿੱਤੇ ਗਏ ਸਮੇਂ ਦੇ ਦੌਰਾਨ:

| | |
|---|---|
| ਸੋਮਵਾਰ | ਸਵੇਰੇ 4 ਵਜੇ ਤੋਂ ਸ਼ਾਮ 10 ਵਜੇ ਤੱਕ |
| ਮੰਗਲਵਾਰ ਤੋਂ ਸ਼ੁੱਕਰਵਾਰ | ਸਵੇਰੇ 2 ਵਜੇ ਤੋਂ ਸ਼ਾਮ 10 ਵਜੇ ਤੱਕ |
| ਸ਼ਨੀਵਾਰ | ਸਵੇਰੇ 2 ਵਜੇ ਤੋਂ ਸ਼ਾਮ 8 ਵਜੇ ਤੱਕ |
| ਐਤਵਾਰ | ਸਵੇਰੇ 5 ਵਜੇ ਤੋਂ ਸ਼ਾਮ 8:30 ਵਜੇ ਤੱਕ |

ਇਕ ਵਾਰ ਆਪਣਾ ਦਾਅਵਾ ਦਾਇਰ ਕਰਨ ਤੋਂ ਬਾਅਦ, ਤੁਸੀਂ ਕਿਸੇ ਵੀ ਸਮੇਂ ਆਪਣਾ ਦਾਅਵਾ ਦੇਖਣ ਅਤੇ ਉਸਦਾ ਪ੍ਰਬੰਧਨ ਕਰਨ ਲਈ UI ਔਨਲਾਈਨ ਦੀ ਵਰਤੋਂ ਕਰ ਸਕਦੇ ਹੋ।

ਇੱਕ UI ਆਨਲਾਈਨ ਖਾਤਾ ਕਿਵੇਂ ਸੈੱਟਅੱਪ ਕਰਨਾ ਹੈ, ਇਹ ਸਿੱਖਣ ਲਈ ਪਿਛਲੇ ਪਾਸੇ ਵੇਖੋ।



# ਅੱਜ ਹੀ ਸ਼ੁਰੂ ਕਰੋ!

EDD Employment Development Department State of California

## ਲਾਭ ਪ੍ਰੋਗਰਾਮ ਔਨਲਾਈਨ ਲਈ ਇੱਕ ਲੌਗਿਨ ਬਣਾਓ




ਜੇ ਤੁਹਾਡੇ ਕੋਲ ਪਹਿਲਾਂ ਹੀ ਲਾਭ ਪ੍ਰੋਗਰਾਮ ਔਨਲਾਈਨ ਲੌਗਿਨ ਹੈ ਤਾਂ ਤੁਸੀਂ ਇਹ ਕਦਮ ਛੱਡ ਸਕਦੇ ਹੋ।

- **www.edd.ca.gov/BPO** 'ਤੇ ਜਾਓ ਅਤੇ **Register (ਰਜਿਸਟਰ)** ਦੀ ਚੋਣ ਕਰੋ।
- ਜਾਰੀ ਰੱਖਣ ਲਈ ਨਿਯਮਾਂ ਅਤੇ ਸ਼ਰਤਾਂ ਨੂੰ ਸਵੀਕਾਰ ਕਰੋ।
- ਸਿਰਫ਼ ਤੁਹਾਡੇ ਦੁਆਰਾ ਵਰਤਿਆ ਜਾਣ ਵਾਲਾ ਇੱਕ ਨਿੱਜੀ ਈਮੇਲ ਪਤਾ ਪ੍ਰਦਾਨ ਕਰੋ ਅਤੇ ਇੱਕ ਪਾਸਵਰਡ ਬਣਾਓ।
- ਇੱਕ ਨਿੱਜੀ ਚਿੱਤਰ ਅਤੇ ਕੈਪਸ਼ਨ ਚੁਣੋ। ਚਾਰ ਸੁਰੱਖਿਆ ਸਵਾਲਾਂ ਦੀ ਚੋਣ ਕਰੋ ਅਤੇ ਜਵਾਬ ਦਿਓ।
- ਆਪਣੀ ਈਮੇਲ ਵੇਖੋ। ਪ੍ਰਕਿਰਿਆ ਨੂੰ ਪੂਰਾ ਕਰਨ ਲਈ ਈਮੇਲ ਪ੍ਰਾਪਤ ਕਰਨ ਦੇ 48 ਘੰਟੇ ਦੇ ਅੰਦਰ ਵਿਲੱਖਣ ਲਿੰਕ ਦੀ ਚੋਣ ਕਰੋ ਜਾਂ ਤੁਹਾਨੂੰ ਮੁੜ ਸ਼ੁਰੂ ਕਰਨਾ ਪਵੇਗਾ।

**ਮਹੱਤਵਪੂਰਨ:** ਜੇ ਤੁਹਾਨੂੰ ਇਹ ਮੈਸੇਜ ਆਪਣੇ ਇਨਬਾਕਸ ਵਿੱਚ ਨਹੀਂ ਵਿਖਾਈ ਦਿੰਦਾ ਤਾਂ ਆਪਣਾ ਜੰਕ/ਸਪੈਮ ਫੋਲਡਰ ਵੇਖੋ।

## ਆਪਣਾ UI ਦਾਅਵਾ ਦਾਇਰ ਕਰੋ




ਸ਼ੁਰੂ ਕਰਨ ਲਈ ਲਾਭ ਪ੍ਰੋਗਰਾਮਾਂ ਨੂੰ ਔਨਲਾਈਨ ਲੌਗਇਨ ਕਰੋ ਅਤੇ **UI ਔਨਲਾਈਨ** ਦੀ ਚੋਣ ਕਰੋ।

- **File a Claim (ਇਕ ਦਾਅਵਾ ਦਾਇਰ ਕਰਨ)** ਕਰਨ ਦੀ ਚੋਣ ਕਰੋ।
- **UI Claim Filing (UI ਦਾਅਵਾ ਦਾਇਰ ਕਰਨ)** ਦੀਆਂ ਹਿਦਾਇਤਾਂ ਪੜ੍ਹੋ। ਜਾਰੀ ਰੱਖਣ ਲਈ **Next (ਅੱਗੇ)** ਤੇ ਕਲਿੱਕ ਕਰੋ।
- ਆਪਣੀ ਆਮ ਜਾਣਕਾਰੀ, ਪਿਛਲੇ ਮਾਲਕ ਦੀ ਜਾਣਕਾਰੀ ਅਤੇ ਰੁਜ਼ਗਾਰ ਦੀ ਹਿਸਟਰੀ ਪ੍ਰਦਾਨ ਕਰੋ।
- **Summary Page (ਸੰਖੇਪ ਪੰਨੇ)** 'ਤੇ ਤੁਹਾਡੇ ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ ਦੀ ਸਮੀਖਿਆ ਕਰੋ ਅਤੇ ਫਿਰ **Submit (ਦਰਜ ਕਰੋ)** ਦੀ ਚੋਣ ਕਰੋ।

**ਨੋਟ ਕਰੋ:** ਦਾਅਵਾ ਦਰਜ ਕਰਨ ਤੋਂ ਬਾਅਦ, ਇੱਕ ਪੁਸ਼ਟੀਕਰਣ ਪੇਜ ਪ੍ਰਦਰਸ਼ਿਤ ਹੋਵੇਗਾ। ਤੁਸੀਂ ਆਪਣੇ ਰਿਕਾਰਡ ਲਈ ਆਪਣਾ ਪੁਸ਼ਟੀਕਰਣ ਨੰਬਰ ਨੋਟ ਕਰ ਸਕਦੇ ਹੋ।

## ਲਾਭਾਂ ਲਈ ਪ੍ਰਮਾਣਿਤ ਕਰਨ ਲਈ UI ਔਨਲਾਈਨ ਲਈ ਰਜਿਸਟਰ ਕਰੋ




ਲਾਭ ਪ੍ਰੋਗਰਾਮ ਔਨਲਾਈਨ ਵਿਚ ਲੌਗਿਨ ਕਰੋ ਅਤੇ ਰਜਿਸਟਰੇਸ਼ਨ ਸ਼ੁਰੂ ਕਰਨ ਲਈ **UI ਆਨਲਾਈਨ** ਦੀ ਚੋਣ ਕਰੋ। ਤੁਹਾਨੂੰ ਹੇਠ ਦਿੱਤੀ ਜਾਣਕਾਰੀ ਪ੍ਰਦਾਨ ਕਰਨ ਦੀ ਲੋੜ ਹੋਵੇਗੀ:

- ਤੁਹਾਡੇ ਦਾਅਵੇ ਤੇ ਲਿਖਿਆ ਪਹਿਲਾ ਨਾਮ ਅਤੇ ਆਖਰੀ ਨਾਮ।
- ਜਨਮ ਮਿਤੀ।
- ਸੋਸ਼ਲ ਸਿਕਉਰਿਟੀ ਨੰਬਰ।
- EDD ਗਾਹਕ ਖਾਤਾ ਸੰਖਿਆ।*

*ਜੇਕਰ ਤੁਸੀਂ ਇੱਕ ਨਵੇਂ UI ਗਾਹਕ ਹੋ, ਤਾਂ ਡਾਕ ਰਾਹੀਂ ਆਪਣਾ EDD Customer Account Number (EDD ਗਾਹਕ ਖਾਤਾ ਨੰਬਰ) ਪ੍ਰਾਪਤ ਹੋਣ ਲਈ, ਦਾਅਵਾ ਦਾਇਰ ਕਰਨ ਤੋਂ ਬਾਅਦ 10 ਵਪਾਰਕ ਦਿਨਾਂ ਦਾ ਸਮਾਂ ਦਿਓ।

EDD ਸਮਾਨ ਮੌਕੇ ਦੇਣ ਵਾਲਾ ਰੁਜ਼ਗਾਰਦਾਤਾ/ਪ੍ਰੋਗਰਾਮ ਹੈ। ਬੇਨਤੀ ਕਰਨ ਤੇ ਅਸਮਰੱਥ ਲੋਕਾਂ ਲਈ ਵਾਧੂ ਸਹਾਇਤਾ ਅਤੇ ਸੇਵਾਵਾਂ ਉਪਲਬਧ ਹਨ।